ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ,

ਪ੍ਰਿੰਸੀਪਲ,

ਸਮੂਹ ਐਫੀਲੀਏਡ/ਐਸੋਸੀਏਟਡ ਸਕੂਲ,

ਪੰਜਾਬ ਰਾਜ ।

ਨੰ.(443816)ਪਸਸਬ-ਓਸ ਪ੍ਰੀ-ਦਸਵੀ/2026/ 207 ਮਿਤੀ 29-10-2026

ਵਿਸ਼ਾ- ਦਸਵੀ ਅਤੇ ਬਾਰ੍ਹਵੀ ਸ੍ਰੇਣੀ , ਮਾਰਚ 2027 ਦੇ ਰਜਿਸਟਰਡ ਪ੍ਰੀਖਿਆਰਥੀਆਂ ਦੀਆਂ ਪ੍ਰੀਖਿਆਂ ਫੀਸਾਂ ਜਮ੍ਹਾਂ ਕਰਵਾਉਣ ਸਬੰਧੀ।

ਆਪ ਜੀ ਦੇ ਧਿਆਨ ਵਿੱਚ ਲਿਆਦਾਂ ਜਾਂਦਾ ਹੈ ਕਿ ਦਸਵੀ ਅਤੇ ਬਾਰ੍ਹਵੀ ਸ੍ਰੇਣੀ ਦੇ ਰਜਿਸਟਰਡ ਪ੍ਰੀਖਿਆਰਥੀਆਂ ਦੀਆਂ ਪ੍ਰੀਖਿਆ ਫੀਸਾਂ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 23 ਅਕਤੂਬਰ,2026 ਸੀ, ਪਰ ਪੰਜਾਬ ਸਕੂਲ ਸਿੱਖਿਆ ਬੋਰਡ ਕੋਲ ਉਪਲਬਧ ਤਾਜਾ ਅੰਕੜਿਆਂ ਅਨੁਸਾਰ ਕਾਫੀ ਗਿਣਤੀ ਵਿੱਚ ਰਜਿਸਟਰਡ ਪ੍ਰੀਖਿਆਰਥੀਆਂ ਦੀਆਂ ਪ੍ਰੀਖਿਆਂ ਫੀਸਾਂ ਨਿਰਧਾਰਿਤ ਸਮਾਂ-ਸੀਮਾ ਅੰਦਰ ਜਮ੍ਹਾਂ ਨਹੀ ਕਰਵਾਈ ਗਈ।

ਬੋਰਡ ਵੱਲੋਂ ਪ੍ਰੀਖਿਆਂ ਫੀਸਾਂ ਜਮ੍ਹਾ ਕਰਵਾਉਣ ਦੇ ਸਡਿਊਲ ਵਿੱਚ 31 ਅਕਤੂਬਰ,2026 ਤੱਕ ਪ੍ਰਤੀ ਪ੍ਰੀਖਿਆਰਥੀ 500 ਰੁ: ਲੇਟ ਫੀਸ ਨਾਲ ਵਾਧਾ ਕੀਤਾ ਗਿਆ ਹੈ, ਜਿਸ ਤੋਂ ਬਾਅਦ ਲਾਗੂ ਲੇਟ ਫੀਸ ਵੱਧ ਕੇ ਪ੍ਰਤੀ ਪ੍ਰੀਥਿਆਰਥੀ 1,000 ਰੁ: ਹੋ ਜਾਵੇਗੀ । ਇਸ ਲਈ ਸਬੰਧਤ ਸਕੂਲਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰੀਖਿਆ ਫੀਸ ਮੌਜੂਦਾ ਸ਼ਡਿਊਲ ਅਨੁਸਾਰ ਤਰੁੰਤ ਜਮ੍ਹਾ ਕਰਵਾਉਣ ਦੀ ਪ੍ਰਕਿਰਿਆ ਪੂਰੀ ਕਰਨ ।

ਪ੍ਰੀਖਿਆ ਫੀਸਾ ਦਾ ਸਮੇਂ ਸਿਰ ਜਮ੍ਹਾ ਹੋਣਾ ਬੋਰਡ ਲਈ ਅਗਲੀ ਪ੍ਰੀਖਿਆਵਾਂ ਦੇ ਕਾਰਜ ਕਰਨ ਲਈ ਜ਼ਰੂਰੀ ਹੈ, ਜਿਨ੍ਹਾ ਵਿੱਚ ਐਡਮਿਟ ਕਾਰਡ ਤਿਆਰ ਕਰਨਾ, ਪ੍ਰੀਖਿਆ ਕੇਦਰਾਂ ਦੀ ਅਲਾਟਮੈਂਟ ਅਤੇ ਪ੍ਰੀਖਿਆਵਾਂ ਨੂੰ ਸੁਚਾਰੂ ਅਤੇ ਸਮੇਂ ਸਿਰ ਸੰਚਾਲਨ ਲਈ ਲੋੜੀਦੇ ਮੁੱਢਲੇ ਪ੍ਰਬੰਧ ਸ਼ਾਮਲ ਹਨ। ਪ੍ਰੀਖਿਆ ਫੀਸਾਂ ਜਮ੍ਹਾ ਕਰਵਾਉਣ ਵਿੱਚ ਹੋਰ ਦੇਰੀ ਹੋਣ ਨਾਲ ਪ੍ਰੀਖਿਆਂ ਸ਼ਡਿਊਲ ਉੱਤੇ ਮਾੜਾ ਅਸਰ ਪੈ ਸਕਦਾ ਹੈ ਅਤੇ ਪ੍ਰੀਖਿਆਵਾ ਦੇ ਸਬੰਧਤ ਗਤੀਵਿਧੀਆਂ ਦੇ ਸੰਚਾਲਨ ਵਿੱਚ ਦੇਰੀ ਹੋ ਸਕਦੀ ਹੈ । ਜਿਸ ਨਾਲ ਵਿਦਿਆਰਥੀਆਂ ਨੂੰ ਅਸੁਵਿਧਾ ਹੋਵੇਗੀ।

ਉਪਰੋਕਤ ਦੇ ਮੱਦੇਨਜ਼ਰ, ਆਪ ਨੂੰ ਹਦਾਂਇਤ ਕੀਤੀ ਜਾਂਦੀ ਹੈ ਕਿ ਬਕਾਇਆਂ ਪ੍ਰੀਖਿਆ ਫੀਸਾਂ 31 ਅਕਤੂਬਰ,2026 ਤੱਕ ਬਿਨਾ ਕਿਸੇ ਹੋਰ ਦੇਰੀ ਦੇ ਜਮ੍ਹਾ ਕਰਵਾਈ ਜਾਣੀ ਯਕੀਨੀ ਬਣਾਈ ਜਾਵੇ। ਜੇਕਰ ਫੀਸਾ ਸਮੇਂ ਸਿਰ ਜਮ੍ਹਾ ਨਾ ਹੋਣ ਕਾਰਨ ਪ੍ਰੀਖਿਆਰਥੀਆਂ ਦੇ ਭੱਵਿਖ ਨੂੰ ਕੋਈ ਔਕੜ ਪੇਸ਼ ਆਉਦੀ ਹੈ ਤਾ ਇਸ ਦੀ ਸਮੁੱਚੀ ਜਿਮੇਵਾਰੀ ਸਬੰਧਤ ਸਕੂਲ ਮੁੱਖੀ ਅਤੇ ਸਬੰਧਤ ਅਮਲੇ ਦੀ ਹੋਵੇਗੀ।

29/10/26

ਉਪ ਸਕੱਤਰ

(ਪ੍ਰੀ.ਦਸਵੀ ਅਤੇ ਬਾਰ੍ਹਵੀ)